**PUNJAB STATE TRANSMISSION CORPORATION LIMITED**

**Office: Dy.CE/Admn. & HR -Training Cell, Shakti Sadan, Patiala.**

ਟੈਂਡਰ ਇੰਨਕੁਆਰੀ ਨੰਬਰ. 15 /TC/PSTCL/2023-24 ਮਿਤੀ 07/03/2024

ਵੱਲ

Notice Board / PSTCL website

Registered

ਮੀਮੋ ਨੰ. 479 / ਮਿਤੀ. 07.03.24

ਵਿਸ਼ਾ: **Regarding supply of Printed Answer Sheets for DAE to be conducted by PSTCL.**

ਉਪਰੋਕਤ ਵਿਸ਼ੇ ਸਬੰਧੀ ਪੀ.ਐਸ.ਟੀ.ਸੀ.ਐੱਲ ਵੱਲੋਂ ਕਰਵਾਈਆਂ ਜਾਣ ਵਾਲੀਆਂ ਵਿਭਾਗੀ ਲੇਖਾ ਪ੍ਰੀਖਿਆਂ ਵਿੱਚ ਵਰਤੋਂ ਲਈ ਲਿਸਟ ਅਨੁਸਾਰ ਉੱਤਰ ਕਾਪੀਆ, ਹੇਠ ਦਰਸਾਏ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਸਪਲਾਈ ਕਰਨ ਲਈ ਕੁਟੇਸ਼ਨਾਂ ਰਜਿਸਟਰਡ ਡਾਕ ਰਾਹੀਂ ਸੀਲ ਬੰਦ ਲਫ਼ਾਫ਼ਿਆਂ ਵਿੱਚ ਵਧੀਕ ਨਿਗਰਾਨ ਇੰਜੀਨੀਅਰ/ਟ੍ਰੇਨਿੰਗ ਸੈੱਲ ਦੇ ਦਫ਼ਤਰ ਵਿੱਚ ਮਿਤੀ 22.03.2024 ਸਵੇਰੇ 11.00 ਵਜੇ ਤੱਕ ਮੰਗਵਾਈਆਂ ਜਾਂਦੀਆ ਹਨ। ਇਹ ਕੁਟੇਸ਼ਨਾਂ ਮਿਤੀ 22.03.2024 ਨੂੰ 11.30 ਵਜੇ ਟ੍ਰੇਨਿੰਗ ਸੈੱਲ ਦੇ ਦਫ਼ਤਰ ਵਿੱਚ ਖੋਲ੍ਹੀਆਂ ਜਾਣਗੀਆਂ।

| Sr. No. | Name of Item | Size (In cm) | Paper GSM | Qty (Nos.) |
|---|---|---|---|---|
| 1 | ਮੇਨ ਉੱਤਰ ਕਾਪੀ (12 ਪੰਨੇ) | 34.5 X 25 | 80 | 2000 |
| 2 | ਸੈਪਲੀਮੈਂਟਰੀ ਉੱਤਰ (04 ਪੰਨੇ) | 34.5 X 25 | 80 | 3000 |

ਨਿਯਮ ਅਤੇ ਸ਼ਰਤਾਂ :-

1. ਟੈਲੀਗ੍ਰਾਫ਼ਿਕ ਕੁਟੇਸ਼ਨਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।
2. ਰੇਟ ਨਿਮਨਹਸਤਾਖਰ ਦੇ ਦਫ਼ਤਰ ਵਿੱਚ FOR ਮੰਜਿਲ ਅਨੁਸਾਰ ਹੋਣਗੇ।
3. ਨਿਰਧਾਰਿਤ ਮਿਤੀ/ਸਮੇਂ ਤੋਂ ਬਾਅਦ ਪ੍ਰਾਪਤ ਕੁਟੇਸ਼ਨਾਂ ਨੂੰ ਰੱਦ ਸਮਝਿਆ ਜਾਵੇਗਾ।
4. ਸਮਾਨ ਦੀ ਮਿਕਦਾਰ ਨੂੰ ਘਟਾਇਆ/ਵਧਾਇਆ ਜਾ ਸਕਦਾ ਹੈ।
5. ਜੇਕਰ ਮਿਤੀ 22.03.2024 ਨੂੰ ਛੁੱਟੀ ਹੋਵੇਗੀ ਤਾਂ ਕੁਟੇਸ਼ਨਾਂ ਅਗਲੇਰੇ ਕੰਮਕਾਜ਼ ਵਾਲੇ ਦਿਨ 11.30 ਵਜੇ ਸਵੇਰੇ ਖੋਲ੍ਹੀਆਂ ਜਾਣਗੀਆਂ।
6. ਸ਼ਰਤਾਂ ਵਾਲੀ ਕੁਟੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ।
7. ਰੇਟ ਕੁਟੇਸ਼ਨਾਂ ਖੋਲ੍ਹਣ ਤੋਂ 120 ਦਿਨਾਂ ਤੱਕ ਲਾਗੂ ਹੋਣਗੇ।
8. ਆਪ ਵਲੋ ਦਿੱਤੇ ਗਏ ਰੇਟਾਂ ਵਿੱਚ GST ਸਬੰਧੀ %age / ਰਕਮ ਬਾਰੇ ਸਪਸ਼ਟ ਲਿਖਿਆ ਜਾਵੇ।
9. ਪ੍ਰਿੰਟ ਛਾਪਣ ਤੋਂ ਪਹਿਲਾਂ ਨਿਮਨਹਸਤਾਖਰ ਤੋਂ ਮੰਨਜੂਰੀ ਕਰਵਾਈ ਜਾਵੇਗੀ।
10. ਪ੍ਰਿੰਟਿੰਗ ਸਾਫ਼ ਅਤੇ ਤਿੱਖੀ ਕਿਸਮਾਂ ਦੀ ਗ੍ਰਾਫ਼ਿਕਲ ਪ੍ਰੀਕ੍ਰਿਆ ਤੇ ਅਧਾਰਿਤ ਹੋਣੀ ਚਾਹੀਦੀ ਹੈ ਅਤੇ ਨਿਰਧਾਰਿਤ ਸਪੈਸੀਫ਼ਿਕੇਸ਼ਨਾਂ ਦੀ ਸਖ਼ਤੀ ਨਾਲ ਪੁਸ਼ਟੀ ਕਰਨੀ ਚਾਹੀਦੀ ਹੈ ਨਹੀਂ ਤਾਂ ਸਪਲਾਈ ਰੱਦ ਕਰ ਦਿੱਤੀ ਜਾਵੇਗੀ।
11. ਸਮੱਗਰੀ ਖਰੀਦ ਆਰਡਰ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਦਿੱਤੀ ਜਾਣੀ ਹੈ।
12. ਉੱਤਰ ਕਾਪੀਆਂ ਦਾ ਸੈਂਪਲ ਕਿਸੇ ਵੀ ਕੰਮਕਾਜ ਵਾਲੇ ਦਿਨ ਵਧੀਕ ਨਿਗਰਾਨ ਇੰਜੀਨੀਅਰ/ਟ੍ਰੇਨਿੰਗ ਸੈੱਲ (First Floor, Shakti Sadan, PSTCL Head Office, Patiala) ਦੇ ਦਫ਼ਤਰ ਵਿੱਚ ਆ ਕੇ ਦੇਖਿਆ ਜਾ ਸਕਦਾ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਆਪਣਾ ਸੈਂਪਲ ਵੀ ਕੁਟੇਸ਼ਨ ਨਾਲ ਨੱਥੀ ਕਰ ਦਿੱਤਾ ਜਾਵੇ ਜੀ।

ਨੋਟ: ਕੁਟੇਸ਼ਨ ਵਿੱਚ ਆਪਣੀ ਫ਼ਰਮ ਦੇ **GST** ਨੰਬਰ ਦਾ ਜਿਕਰ ਕਰੋ, ਜੇਕਰ ਲਾਗੂ ਹੋਵੇ।

7/3/2024

ਵਧੀਕ ਨਿਗ:/ਇੰਜੀ:/ਟਰੇਨਿੰਗ ਸੈੱਲ,
ਪੀ.ਐੱਸ.ਟੀ.ਸੀ.ਐੱਲ, ਪਟਿਆਲਾ